# ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ

**www.chandigarh.gov.in**

# ਪ੍ਰੈਸ ਨੋਟ

ਚੰਡੀਗੜ੍ਹ, 22 ਜੁਲਾਈ :- ਪੰਜਾਬ ਦੇ ਰਾਜ਼ਪਾਲ ਅਤੇ ਚੰਡੀਗੜ੍ਹ ਪ੍ਰਸ਼ਾਸਕ ਸ਼੍ਰੀ ਸ਼ਿਵਰਾਜ਼ ਵੀ. ਪਾਟਿਲ ਨੇ ਸੀਆਰਆਰਆਈਡੀ ਵਿਚ ਅੱਜ ਡਾ. ਬਿੰਦੂ ਦੁੱਗਲ ਦੁਆਰਾ ਰਚਿਤ ਕਿਤਾਬ 'ਚੰਡੀਗੜ੍ਹ ਸਲੱਮ' ਜ਼ਾਰੀ ਕਰਨ ਤੋਂ ਬਾਦ ਕਿਹਾ ਕਿ ਸ਼ਹਿਰ ਵਿਚ ਰਹਿਣ ਵਾਲੇ ਝੁੱਗੀਆਂ ਝੌਂਪੜੀਆਂ ਦੇ ਲੋਕਾਂ ਤੱਕ ਪਹੁੰਚਣ ਅਤੇ ਉਹਨਾਂ ਨੂੰ ਮਨੁੱਖੀ ਅਧਿਕਾਰ ਪ੍ਰਦਾਨ ਕਰਨ ਦੀ ਬਹੁਤ ਜਰੂਰਤ ਹੈ।

ਸਰਕਾਰ ਇਸ ਮੁਸੀਬਤ ਦਾ ਹੱਲ ਕਰਨ ਲਈ ਹਰ ਸੰਭਵ ਅਤੇ ਜਰੂਰੀ ਯਤਨ ਕਰੇਗੀ। ਵਿਅਕਤੀ, ਗੈਰ ਸਰਕਾਰੀ ਸੰਗਠਨ, ਇੰਡਸਟਰੀਆਂ ਅਤੇ ਹੋਰ ਦੂਸਰੇ ਵਿਚ ਸਹਾਇਤਾ ਦੇ ਸਕਦੇ ਹਨ। ਵਿਅਕਤੀਆਂ ਦੇ ਕੋਲ ਵੱਡੇ ਘਰ ਹੁੰਦੇ ਹਨ ਉਹ ਆਪਣੇ ਘਰਾਂ ਦੇ ਕੰਪਾਊਂਡ ਵਿਚ ਸਰਵੈਂਟ ਕੁਆਟਰ ਬਣਾ ਸਕਦੇ ਹਨ, ਵੱਡੀਆਂ ਇੰਡਸਟਰੀਆਂ ਆਪਣੇ ਕਰਮਚਾਰੀਆਂ ਨੂੰ ਘਰ ਦੀ ਸੁਵਿਧਾ ਪ੍ਰਦਾਨ ਕਰ ਸਕਦੀਆਂ ਹਨ। ਜੇਕਰ ਅਜਿਹਾ ਹੋਵੇਗਾ ਕਰਮਚਾਰੀ ਆਪਣੀ ਸ਼ਕਤੀ ਅਤੇ ਸਮਾਂ ਬਚਾ ਸਕਣਗੇ ਅਤੇ ਇਸ ਨਾਲ ਵਧੀਆ ਨਤੀਜ਼ੇ ਪ੍ਰਾਪਤ ਹੋ ਸਕਦੇ ਹਨ। ਸਰਕਾਰ ਅਜਿਹੇ ਪ੍ਰੋਜੈਕਟ ਅਤੇ ਯੋਜਨਾਵਾਂ ਬਣਾ ਸਕਦੀ ਹੈ ਜਿਸ ਨਾਲ ਝੁੱਗੀਆਂ ਝੌਂਪੜੀਆਂ ਦੇ ਲੋਕਾਂ ਨੂੰ ਘਰ ਪ੍ਰਾਪਤ ਹੋ ਸਕਣ। ਇਸ ਮੰਤਵ ਲਈ ਨਵੀਆਂ ਤਕਨੀਕਾਂ ਦੀ ਪੈਦਾਵਾਰ ਅਤੇ ਵਰਤੋਂ ਕੀਤੀ ਜਾਵੇਗੀ। ਇਸ ਮੰਤਵ ਲਈ ਵਧੇਰੇ ਫੰਡ ਪ੍ਰਦਾਨ ਕੀਤੇ ਜਾਣਗੇ। ਜੋ ਲੋਕ ਝੁੱਗੀਆਂ ਵਿਚ ਰਹਿੰਦੇ ਹਨ ਉਹ ਡਾਕਟਰੀ, ਸਿੱਖਿਆ ਅਤੇ ਆਵਾਜਾਈ ਸਹੂਲਤਾਂ ਪ੍ਰਾਪਤ ਕਰ ਸਕਣਗੇ।

ਅਧਿਕਾਰ ਅਤੇ ਕਰਤੱਵ ਇੱਕ ਸਿੱਕੇ ਦੇ ਦੋ ਪਹਿਲੂ ਹਨ। ਜੋ ਅਧਿਕਾਰਾਂ ਦੀ ਵਰਤੋਂ ਕਰਦੇ ਹਨ ਉਹਨਾਂ ਦੇ ਦੂਸਰਿਆਂ ਲਈ ਕੁਝ ਕਰਤੱਵ ਵੀ ਹਨ। ਇਹ ਹਰ ਸ਼ਹਿਰ ਵਾਸੀ ਤੇ ਲਾਗੂ ਹੁੰਦਾ ਹੈ। ਜਦੋਂ ਤੱਕ ਸਰਕਾਰ , ਗੈਰ ਸਰਕਾਰੀ ਸੰਗਠਨਾਂ ਦੁਆਰਾ ਦੂਸਰਿਆਂ ਦੇ ਪ੍ਰਤੀ ਕਰਤੱਵਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਉਦੋਂ ਤੱਕ ਅਧਿਕਾਰ ਸਹੀ ਤਰੀਕੇ ਨਾਲ ਪ੍ਰਦਾਨ ਨਹੀਂ ਕੀਤੇ ਜਾ ਸਕਦੇ ਹਨ।

ਗਵਰਨਰ ਦਾ ਸੈਕਟਰੀ ਸ਼੍ਰੀ ਐਮ.ਪੀ.ਸਿੰਘ, ਸੀਆਰਆਰਆਈਡੀ ਦਾ ਐਕਜ਼ੀਕਿਊਟਿਵ ਵਾਈਸ ਚੇਅਰਮੈਨ ਸ਼੍ਰੀ ਰਸ਼ਪਾਲ ਮਲਹੋਤਰਾ, ਸੀਆਰਆਰਆਈਡੀ ਗਵਰਨਿੰਗ ਬਾਡੀ ਦਾ ਸੀਨੀਅਰ ਵਾਈਸ ਚੇਅਰਮੈਨ ਪ੍ਰੋਫੈਸਰ ਸ਼੍ਰੀ ਆਰ ਪੀ ਬਾਂਭਾ ਇਸ ਮੌਕੇ ਤੇ ਸ਼ਾਮਿਲ ਹੋਏ।